# ਕ੍ਰਾਂਤੀਕਾਰੀ : ਗੁਰੂ ਨਾਨਕ ਦੇਵ ਜੀ

**ਨਿਰਵੈਰ ਸਿੰਘ 'ਮੱਲ੍ਹੀ'**
ਮੁਖੀ, ਪੰਜਾਬੀ ਵਿਭਾਗ ਐਸ.ਡੀ.ਕਾਲਜ ਅੰਬਾਲਾ ਛਾਉਣੀ

ਗੁਰੂ ਨਾਨਕ ਦੇਵ ਜੀ ਹੀਰੇ ਵਾਂਗ ਨਿਰਮਲ ਦੁੱਧ ਵਾਂਗ ਪਵਿੱਤਰ ਅਤੇ ਅੰਮ੍ਰਿਤ ਵਾਂਗ ਜੀਵਨਮਈ ਸਨ। ਉਹ ਧਰਤੀ ਦੇ ਉਹ ਸਦੀਵੀਂ ਫੁੱਲ ਸਨ, ਜਿਨ੍ਹਾਂ ਦੀ ਖੁਸ਼ਬੂ ਅੰਬਰ ਤਕ ਜਾਂਦੀ ਹੈ। ਉਹ ਅਜਿਹੀ ਕਰਤਾਰੀ ਜੋਤ ਸਨ ਜੋ ਜਗਮਗ-ਜਗਮਗ ਕਰਕੇ ਰਾਤ ਦੇ ਅੰਧਕਾਰ ਵਿਚ ਭੁੱਲੇ-ਭੱਟਕੇ ਰਾਹੀਆਂ ਲਈ ਮੰਜਲ ਦੀ ਰੋਸ਼ਨੀ ਬਣੀ। ਉਸ ਸਮੇਂ ਦੇ ਮਨੁੱਖ ਅੰਦਰਲੇ ਹਨੇਰੇ ਅਤੇ ਵਿਭਿੰਨ ਸਮਾਜਕ ਪ੍ਰਭਾਵਾਂ ਕਾਰਨ ਉਪਜੀਆਂ ਸਮੁੰਦਰੀ ਲਹਿਰਾਂ ਵਾਂਗ ਚਲ ਰਹੇ ਦੁੱਖਾਂ ਦੀ ਉਥਲ-ਪੁਥਲ ਤੋਂ ਪਾਰ ਚਾਨਣ ਮੁਨਾਰਾਂ ਭਾਵ ਧਾਰਮਕ ਸਿਧਾਂਤਕ ਜੀਵਨਮਈ ਕਿਰਨਾਂ ਨਾਲ ਕਰਦੇ ਹਨ। ਨਾਲ ਹੀ ਗੁਰੂ ਸਾਹਿਬ ਨੇ ਕ੍ਰਾਂਤੀਕਾਰੀ ਲਕਸ਼, ਰਾਜਨੀਤਕ ਚੇਤਨਾ, ਸਮਾਜਕ ਆਦਰਸ਼ਾਂ ਅਤੇ ਅਕਾਲ ਪੁਰਖ ਸੰਬੰਧੀ ਵਿਗਿਆਨਕ ਨੁਕਤੇ ਪੇਸ਼ ਕੀਤੇ ਹਨ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਤਰਕਸ਼ੀਲ ਦ੍ਰਿਸ਼ਟੀਕੋਣ ਬਾਰੇ ਆਪਣਾ ਮੱਤ ਰਖਣਾ ਕਠਿਨ ਪ੍ਰਤੀਤ ਹੁੰਦਾ ਹੈ। ਪਰ ਗੁਰੂ ਨਾਨਕ ਇਕ ਮਹਾਨ ਕ੍ਰਾਂਤੀਕਾਰੀ, ਧਾਰਮਿਕ ਅਤੇ ਆਦਰਸ਼ਕ ਪੁਰਖ ਤੋਂ ਇਲਾਵਾ ਸਮਾਜਕ ਨੇਤਾ ਅਤੇ ਪ੍ਰੇਰਨਾ ਦੇ ਮਹਾਨ ਸਰੋਤ ਸਨ।

ਕਈ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ ਸੁਧਾਰਵਾਦੀ ਕਿਹਾ ਹੈ। ਪਰ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਬਾਣੀ ਦਾ ਡੂੰਘਾ ਅਧਿਐਣ ਕਰਨ ਤੇ ਇਹ ਵਿਚਾਰ ਗਲਤ ਵੀ ਸਿੱਧ ਹੁੰਦਾ ਹੈ। ਸੁਧਾਰਵਾਦੀ ਉਹ ਹੁੰਦਾ ਹੈ ਜੋ ਸਥਾਪਤ ਢਾਂਚੇ ਵਿਚ ਥੋੜੇ ਬਹੁਤ ਬਦਲਾਅ ਲਿਆ ਕੇ ਉਸ ਨੂੰ ਕਾਇਮ ਕਰਨ ਦਾ ਜਤਨ ਕਰਦਾ ਹੈ। ਗੁਰੂ ਜੀ ਨੇ ਢਹਿ ਰਹੇ ਸਮਾਜਕ ਢਾਂਚੇ ਦੇ ਖੇਤਰ ਨੂੰ ਮੁਰੰਮਤ ਕਰਨ ਦਾ ਜਤਨ ਨਹੀਂ ਕੀਤਾ ਸਗੋਂ ਇਸ ਨੂੰ ਢਾਹ ਕੇ ਨਵੀਆਂ ਨੀਹਾਂ ਅਤੇ ਲੀਕਾਂ ਦੀ ਉਸਾਰੀ ਕੀਤੀ। ਗੁਰੂ ਨਾਨਕ ਸਮੇਂ ਜਿਥੇ ਇਕ ਪਾਸੇ ਇਸਲਾਮ ਆਪਣੀ ਰਾਜਸੀ ਸ਼ਕਤੀ ਕਾਰਨ ਹਰ ਯੋਗ-ਅਯੋਗ ਸਾਧਨ ਵਰਤ ਰਿਹਾ ਸੀ ਤਾਂ ਦੂਜੇ ਪਾਸੇ ਹਿੰਦੂ ਧਰਮ ਵਿਚਲੀ ਕਟੜਤਾ ਕਾਰਨ ਪਹਿਲਾਂ ਵਰਗੀ ਲੋਕ ਪਰਵਾਨਗੀ ਨਹੀਂ ਸੀ ਰਹੀ ਪਰ ਗੁਰੂ ਨਾਨਕ ਸਾਹਿਬ ਜੀ ਨੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਸੰਕਲਪ ਪੇਸ਼ ਕਰਕੇ ਸਮਾਜ ਵਿਚਲੀ ਧਾਰਮਕ ਵੱਖਰਤਾ ਅਤੇ ਵੰਡਾਂ ਨੂੰ ਤਿਆਗ ਕੇ ਸਭ ਧਰਮਾਂ ਦੇ ਮਾਨਵੀਕਰਨ ਦਾ ਕ੍ਰਾਂਤੀਕਾਰੀ ਜਤਨ ਕੀਤਾ। ਗੁਰੂ ਸਾਹਿਬ ਨੇ ਧਰਮ ਦੇ ਪਰਿਵਰਤਨ ਤੇ ਨਹੀਂ ਸਗੋਂ ਧਰਮ ਦੀ ਪਾਲਣਾ ਤੇ ਜ਼ੋਰ ਦਿੱਤਾ ਅਤੇ ਨਾਂ ਹੀ ਕਿਸੇ ਨੂੰ ਆਪਣੀ ਪੂਜਾ ਕਰਨ ਵਾਲੇ ਸ਼ਿਸ਼ ਬਣਨ ਲਈ

ਪ੍ਰੇਰਿਆ। ਸੱਚ ਦੇ ਰਾਹ ਤੇ ਚਲਕੇ ਹਰੇਕ ਦਰਗਾਹ ਵਿਚ ਮਨੁੱਖ ਦੇ ਪ੍ਰਵਾਨ ਹੋਣ ਦਾ ਸੰਦੇਸ਼ ਦਿੱਤਾ। ਗੁਰੂ ਸਾਹਿਬ ਦਾ ਫਰਮਾਨ ਹੈ :-

"ਜਿਨ ਕੇ ਚੌਲੇ ਰਤੜੇ ਪਿਆਰੇ ਕੰਤ ਤਿਨਾ ਕੈ ਪਾਸਿ"[1]

ਗੁਰੂ ਸਾਹਿਬ ਨੇ ਆਪਣੇ ਵਿਚਾਰਾਂ ਨੂੰ ਕੇਵਲ ਇਕ ਸ਼੍ਰੇਣੀ, ਧਰਮ, ਇਕ ਸਭਿਆਚਾਰ, ਇਕ ਦੇਸ਼ ਜਾਂ ਇਕ ਸੰਗਠਨ ਤਕ ਹੀ ਸੀਮਤ ਨਹੀਂ ਰੱਖਿਆ ਸਗੋਂ ਉਹਨਾਂ ਦਾ ਸਿਧਾਂਤ ਸਰਬਪੱਖੀ ਅਤੇ ਸਰਬਵਿਆਪੀ ਸੀ। ਆਵਾਜਾਈ ਦੇ ਸਾਧਨਾਂ ਦੀ ਘਾਟ ਦੇ ਬਾਵਜੂਦ ਵੱਧ ਤੋਂ ਵੱਧ ਦੇਸ਼ਾਂ ਦੀ ਜਾਤਰਾ ਵੱਖ-ਵੱਖ ਧਰਮਾਂ ਵਿੱਚ ਸੰਦੇਸ਼ ਦਿੰਦਾ ਹੋਇਆ ਚਮਤਕਾਰੀ ਸਿੱਟੇ ਵੱਲ ਜਾਂਦਾ ਹੈ ਜੋ ਕਿ ਸਰਬ ਮਨੁੱਖਤਾ ਨੂੰ ਸਰਬ ਬੰਧਨਾਂ ਤੋਂ ਮੁਕਤ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਸੁਲਝੇ ਹੋਏ ਚਿੰਤਕ ਸਨ, ਚਿੰਤਨ ਕਰਨਾ ਉਹਨਾਂ ਦੀ ਰੂਹ ਦੀ ਖੁਰਾਕ ਸੀ। ਵੱਖ-ਵੱਖ ਗੋਸ਼ਟੀਆਂ ਅਤੇ ਵਿਚਾਰ-ਵਟਾਂਦਰੇ ਤੋਂ ਪਹਿਲਾਂ ਗੁਰੂ ਜੀ ਉਹਨਾਂ ਨੂੰ ਇਕਾਂਤ ਵਿਚ ਬੈਠਕੇ ਵਿਚਾਰਦੇ ਅਤੇ ਬਾਣੀ ਦਾ ਜਾਮਾ ਪਹਿਨਾਉਂਦੇ "ਅੰਮ੍ਰਿਤ ਵੇਲਾ ਸਚ ਨਾਉਂ ਵਡਿਆਈ ਵਿਚਾਰ"। ਗੁਰੂ ਸਾਹਿਬ ਦਾ ਗੰਗਾ ਤੇ ਪੱਛਮ ਵਲ ਨੂੰ ਮੂੰਹ ਕਰਕੇ ਖੇਤਾਂ ਨੂੰ ਪਾਣੀ ਦੇਣਾ, ਮੁਲਤਾਨ ਦੇ ਪੀਰਾਂ ਦੇ ਪੀਰਾਂ ਦੇ ਦੁੱਧ-ਕਟੋਰੇ ਤੇ ਚੰਮੇਲੀ ਦਾ ਫੁੱਲ ਰਖਣਾ, ਮੱਕੇ ਵਲ ਪੈਰ ਕਰਕੇ ਪੈ ਜਾਣਾ ਆਦਿ ਘਟਨਾਵਾਂ ਸੰਕੇਤਕ ਅਤੇ ਬੌਧਿਕ ਭਾਸ਼ਾ ਵਿਚ ਅਨੇਕਾਂ ਸਦੀਆਂ ਦੇ ਲੋਕ ਵਿਸ਼ਵਾਸਾਂ, ਮਿੱਥਾਂ, ਵਹਿਮਾਂ-ਭਰਮਾਂ ਦੀ ਟੁੱਟ-ਭੱਜ ਤਾਂ ਕਰਦੀਆਂ ਹੀ ਹਨ। ਉਸਦੇ ਨਾਲ ਹੀ ਇਕ ਤਰਕਸ਼ੀਲ ਕ੍ਰਾਂਤੀਕਾਰੀ ਵਿਗਿਆਨਕ ਪੱਖ ਵੀ ਉਸਾਰਦੀਆਂ ਹਨ। ਇਥੇ ਇਹ ਗਲ ਵਰਣਯੋਗ ਹੈ ਕਿ ਗੁਰੂ ਸਾਹਿਬ ਜੀ ਦੀ ਵਿਰੋਧਤਾ ਹਕੂਮਤ, ਧਰਮ ਜਾਂ ਪਰੰਪਰਾਵਾਂ ਦਾ ਵਿਰੋਧ ਨਹੀਂ ਸਗੋਂ ਵਿਰੋਧ ਗਲਤ ਸੋਚ ਅਤੇ ਪਰੰਪਰਾਵਾਂ ਜਾਂ ਮਾਨਤਾਵਾਂ ਦਾ ਹੈ। ਜਦੋਂ ਮਲਿਕ ਭਾਗੋ ਬਾਰੇ ਵਰਣਾਂ ਨੂੰ ਭੋਜਨ ਦਾ ਸੱਦਾ ਦਿੰਦਾ ਹੈ ਤਾਂ ਗੁਰੂ ਨਾਨਕ ਨਹੀਂ ਪਹੁੰਚਕੇ ਸਗੋਂ ਫਰਮਾਉਂਦੇ ਹਨ -

"ਸੁਣ ਪਾਲਾ ਅਸੀਂ ਫਕੀਰ,

ਆਹੇ ਅਸੀਂ ਕਿੰਨਾ ਵਿਚ ਆਹੇ।"[2]

ਗੁਰੂ ਨਾਨਕ ਸਮੇਂ ਦੇਵੀ-ਦੇਵਤਿਆਂ ਦੀ ਉਪਾਸਨਾਂ ਦੇ ਨਾਲ-ਨਾਲ ਜੀਵ-ਜੰਤੂਆਂ, ਰੁੱਖਾਂ, ਚੰਦ, ਸੂਰਜ, ਭੂਤਾਂ-ਪ੍ਰੇਤਾਂ, ਕਬਰਾਂ-ਸਮਾਧਾਂ ਦੀ ਮਾਨਤਾ ਪ੍ਰਚਲਿਤ ਸੀ। ਭਾਰਤੀ ਧਰਮ ਪਰੰਪਰਾ ਵਿਚ ਅਦਵੈਤ ਅਤੇ ਇਸਲਾਮ ਵਿਚ ਇਕ ਅੱਲਾ ਦਾ ਸਰੂਪ ਮੌਜੂਦ ਸੀ ਪਰ ਨਾਲ ਹੀ ਵੱਖ-ਵੱਖ ਸ਼ਰਧਾ ਦੇ ਕੇਂਦਰ ਬਣੇ ਦੈਵੀ, ਪ੍ਰਾਕ੍ਰਿਤਕ ਅਤੇ ਪਰਾਸਰੀਰਕ ਸ਼ਕਤੀਆਂ ਦੀ ਭਗਤੀ ਹੋਣ ਨਾਲ ਰੱਬ ਦਾ ਸੰਕਲਪ ਪੂਰਨ ਤੌਰ ਤੇ ਧੁੰਧਲਾ ਹੋ ਗਿਆ ਸੀ। ਪਰ ਗੁਰੂ ਸਾਹਿਬ ਜੀ ਦੀ ਬਾਣੀ "ਸਾਹਿਬ ਮੇਰਾ ਇਕ ਹੈ ਅਵਰ ਨਹੀਂ ਭਾਈ" ਕਹਿੰਦੀਆਂ ਰੱਬ ਦੇ ਇਕ ਸਰੂਪ ਇਕ ਉਂਕਾਰ ਸਰੂਪ ਰੱਖਦੇ ਹਨ। ਜੋ ਕਿ ਇਕ ਕ੍ਰਾਂਤੀਕਾਰੀ



PURVA MIMAANSA

ਜਤਨ ਸੀ।

ਗੁਰੂ ਨਾਨਕ ਸਮੇਂ ਮੁਸਲਮਾਨਾਂ ਨੇ ਭਾਰਤ ਵਿਚ ਬਿਖਰੇ ਟੁੱਟੇ ਅਤੇ ਅਲਗ-ਅਲਗ ਸ਼ਰਧਾਂ ਕੇਂਦਰਾਂ ਕਾਰਨ ਜਾਤੀ-ਜਮਾਤੀ ਵਿਭਿੰਨਤਾ ਦੇ ਧਾਰਨੀ ਭਾਰਤੀ ਲੋਕਾਂ ਨੂੰ ਆਪਣੇ ਅਧੀਨ ਕਰ ਲਿਆ। ਭਾਵੇਂ ਗੁਰੂ ਸਾਹਿਬ ਦਾ ਭਾਰਤੀ ਦਰਸ਼ਨ ਵਿਚ ਇਕ ਰੱਬ ਦਾ ਸੰਕਲਪ ਇਸਲਾਮ ਦੇ ਇਕ ਅੱਲ੍ਹਾਂ ਦੇ ਸੰਕਲਪ ਵਾਂਗ ਜੋਰਦਾਰ ਅਤੇ ਸਪਸ਼ਟ ਨਹੀਂ ਸੀ ਪਰ ਇਸਲਾਮ ਵਿਚ ਅੱਲ੍ਹਾ ਉਹ ਹੈ ਜਿਸਦੇ ਬਰਾਬਰ ਕੋਈ ਨਹੀਂ ਹੋ ਸਕਦਾ। ਪਰ ਗੁਰੂ ਨਾਨਕ ਨੇ ਪ੍ਰਚਲਤ ਧਾਰਮਕ, ਸਮਾਜਕ ਅਤੇ ਰਾਜਨੀਤਕ ਧਾਰਾਵਾਂ ਦੀ ਰੋਸ਼ਨੀ ਵਿਚ ਸਹੀ ਸੇਧ ਦੇਣ ਲਈ ਇਕ ਰੱਬ ਦੀ ਹੋਂਦ ਤੇ ਜ਼ੋਰ ਦਿੱਤਾ। ਅਜਿਹਾ ਹੋਣ ਨਾਲ ਇੱਕ ਕੇਂਦਰੀ ਸ਼ਰਧਾ ਸ਼ਕਤੀ ਦੀ ਕਲਪਨਾ ਨਿਸ਼ਚਤ ਹੋਈ ਅਤੇ ਕਿਸੇ ਜਾਤ-ਪਾਤ, ਮੱਤ ਦੀ ਥਾਂ ਸਾਰੀ ਮਨੁੱਖਤਾ ਇਕ ਸੂਤਰ ਵਿਚ ਪਰੋ ਦਿੱਤੀ। ਗੁਰੂ ਸਾਹਿਬ ਦਾ ਰੱਬ ਬਾਰੇ ਸਿਧਾਂਤ ਸੱਚ ਉਤੇ ਆਧਾਰਤ ਹੈ। ਉਹਨਾਂ ਦੀ ਬਾਣੀ ਦੇ ਕੇਂਦਰ ਵਿਚ ਰੱਬ ਸੱਚ ਹੈ।

"ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਹੋ ਭੀ ਸਚ ਹੋਵੀ ਭੀ ਸਚੁ"

ਇਥੇ ਇਹ ਵੀ ਗੱਲ ਵਿਸਰਨਯੋਗ ਹੈ ਕਿ ਪ੍ਰਚਲਿਤ ਭਾਰਤੀ ਧਰਮਾਂ ਅਲੁਸਾਰ ਸਾਰੀ ਸ੍ਰਿਸ਼ਟੀ ਦਾ ਕਰਤਾ ਬ੍ਰਹਮਾ ਹੈ। ਪਰ ਗੁਰੂ ਸਾਹਿਬ ਨੇ "ਉਅੰਕਾਰ ਬ੍ਰਹਮਾ ਉਤਪਤਿ" ਕਹਿ ਕੇ ਸੰਸਾਰੀ, ਭੰਡਾਰ ਅਤੇ ਸੰਘਾਰੀ ਸ਼ਕਤੀਆਂ ਨੂੰ ਇਕੋ ਰੱਬ ਦੀ ਉਪਜ ਦਸਿਆ ਹੈ। ਇਹ ਵੀ ਪ੍ਰਚਲਤ ਮਾਨਤਾਵਾਂ ਦੀ ਵਿਰੋਧਤਾ ਨਹੀਂ ਬਲਕਿ ਤਰਕਸ਼ੀਲ ਕ੍ਰਾਂਤੀਕਾਰੀ ਜਤਨ ਸੀ।

ਗੁਰੂ ਨਾਨਕ ਦਾ ਸਮਾਂ ਰਾਜਨੀਤਕ ਬੇਚੈਨੀ ਵਾਲਾ ਸਮਾਂ ਸੀ। ਇਕ ਪਾਸੇ ਧਨਵਾਨ ਅਤੇ ਸੂਬੇਦਾਰ ਹਕੂਮਤ ਵਿਰੁੱਧ ਬਗਾਵਤ ਲਈ ਬੈਠੇ ਸਨ ਨਾਲ ਹੀ ਮੁਗਲਾਂ ਦੇ ਹਮਲਿਆਂ ਨਾਲ ਰਾਜ-ਸੱਤਾ ਖੋਖਲੀ ਹੋ ਚੁੱਕੀ ਸੀ। ਇਸ ਕਾਰਨ ਗਰੀਬ ਅਤੇ ਆਮ ਜਨਤਾ ਬੁਰੀ ਤਰ੍ਹਾਂ ਪਿਸ ਰਹੀ ਸੀ। ਸ਼ਰੀਅਤ ਪ੍ਰਧਾਨ ਮੁਗਲ ਰਾਜ ਅਤੇ ਜਜ਼ੀਆ ਟੈਕਸ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਸ਼ਿਕਾਰ ਹੋਈ ਜਾਂਦੇ ਸਨ। ਇਹਨਾਂ ਧਾਰਮਕ ਬੇਇਨਸਾਫੀ ਦਾ ਸ਼ਿਕਾਰ ਕਈ ਮੁਸਲਮਾਨ ਸੂਫੀ ਫਕੀਰ ਵੀ ਸਨ। ਹਾਕਮ ਅੰਦਰਲੀ ਨਿਰਦੈਅਤਾ, ਜ਼ੁਲਮ, ਚਰਿਤਰ-ਹੀਣਤਾ ਗੁਰੂ ਸਾਹਿਬ ਚੰਗੀ ਤਰ੍ਹਾਂ ਮਹਿਸੂਸ ਕਰਕੇ ਇਕ ਕ੍ਰਾਂਤੀਕਾਰੀ ਵਾਂਗ ਇਸ ਰਾਜਨੀਤਕ ਕੋਹਜ਼ ਨੂੰ ਬੜੀ ਦਲੇਰੀ ਰਾਹੀਂ ਨੰਗਾਂ ਕਰਕੇ ਵਿਖਾਇਆ। ਇਹ ਗਲ ਅਚੰਭਿਤ ਕਰਦੀ ਹੈ ਕਿ ਰਾਜਸੀ ਧੱਕੇਸ਼ਾਹੀ ਅਤੇ ਤਸ਼ਦਦ ਦੀ ਨਿਖੇਧੀ ਹੀ ਨਹੀਂ ਕੀਤੀ ਉਸਨੂੰ ਕਸਾਈਆਂ ਦੇ ਬਰਾਬਰ ਵੀ ਦੱਸਿਆ।

PURVA MIMAANSA

"ਰਾਜੇ ਸ਼ੀਹ ਮੁਕਦਮ ਕੁੱਤੇ

ਜਾਇ ਜਗਾਇਣ ਬੈਠੇ ਸੁੱਤੇ"[3]

ਹਾਕਮਾਂ ਦੀਆਂ ਗਿਰਾਵਟਾਂ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਸੱਤਾਪਾਰੀ ਧਰਮ ਦੇ ਆਗੂ ਕਾਜ਼ੀ ਅੰਦਰਲੀ ਸਿਧਾਂਤਕ ਅਤੇ ਧਾਰਮਕ ਗਿਰਾਵਟ ਵਿਰੁਧ ਆਵਾਜ਼ ਬੁਲੰਦ ਕਰਦੇ ਹਨ। ……"ਕਾਜੀ ਹੋ ਕੇ ਬਹੈ ਨਿਆਇ, ਫੈਰੇ ਤਸਬੀ ਕਰੇ ਖੁਦਾਇ" ਗੁਰੂ ਸਾਹਿਬ ਜੀ ਦੀ ਵਿਰੋਧਤਾ ਧਰਮ ਜਾਂ ਧਾਰਮਿਕ ਆਗੂ ਨਾਲ ਨਹੀਂ ਸੀ ਬਲਕਿ ਉਹ ਕਾਜ਼ੀ ਦੀ ਪਦਵੀ ਦੀ ਸ਼੍ਰੇਸ਼ਟਤਾ ਨੂੰ ਜਾਣਕੇ ਹੋਏ ਉਸਦੀ ਗਿਰਾਵਟ ਦੀ ਨਿੰਦਿਆ ਕਰਨ ਦੇ ਨਾਲ-ਨਾ ਇੱਕ ਸੱਚੇ ਆਦਰਸ਼ਕ ਕਾਜ਼ੀ ਦਾ ਸੰਕਲਪ ਵੀ ਪੇਸ਼ ਕੀਤਾ, ਜੋ ਨਿਜੀ ਸਵਾਰਥ ਦੀ ਥਾਂ ਨਿਜ ਦਾ ਤਿਆਗ ਕਰਦਾ ਹੈ। ਗੁਰੂ ਸਾਹਿਬ ਦਾ ਬਚਨ ਹੈ –

"ਸੋਈ ਕਾਜ਼ੀ ਜਿਨਿ ਆਪੁ ਤਜਿਆ

ਇਕ ਨਾਮ ਦੀਆ ਆਧਾਰੋ॥"[4]

ਗੁਰੂ ਸਾਹਿਬ ਜੀ ਦੇ ਕ੍ਰਾਂਤੀਕਾਰੀ ਵਿਅਕਤੀਤਵ ਵਿਚੋਂ ਗੱਲ ਸਮਝਣ ਵਾਲੀ ਤਾਂ ਇਹ ਹੈ ਕਿ ਉਹਨਾਂ ਆਪਣੀ ਸਾਂਝ ਹਾਕਮ ਨਾਲ ਨਹੀਂ ਬਲਕਿ ਉਸ ਵਲੋਂ ਲਤਾੜੀ ਅਤੇ ਵਿਸਾਰੀ ਸਾਧਾਰਨ ਕੀਰਤੀ ਸ਼੍ਰੇਣੀ ਨਾਲ ਆਪਣਾ ਸੰਬੰਧ ਜੋੜਿਆ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਆਮ ਜਨਤਾ ਤੋਂ ਹਾਕਮਾਂ ਵੱਲ ਗਈ। ਇਸ ਗੱਲ ਦਾ ਪ੍ਰਮਾਣ ਉਹਨਾਂ ਦੇ ਉਤਰਾਧਿਕਾਰੀ ਗੁਰੂ ਅੰਗਦ ਦੇਵ ਜੀ ਇਸੇ ਆਮ ਸ਼੍ਰੇਣੀ ਵਿਚੋਂ ਹੀ ਹਨ। ਆਗੂ ਉਹ ਹੈ ਜੋ ਜਿੰਮੇਵਾਰੀ ਨੂੰ ਸੱਚ ਦੇ ਰਾਹ ਤੇ ਚਲਕੇ ਨਿਭਾਉਂਦਾ ਹੈ। ਉਹ ਰੱਬ ਵਾਂਗ ਕਿਰਪਾਲੂ, ਨਿਰਭਉ, ਨਿਰਵੈਰ ਹੋਣਾ ਚਾਹੀਦਾ ਹੈ ਅਤੇ ਜੋ ਵੈਰ-ਵਿਰੋਧ ਭਾਵਨਾ ਤੋਂ ਮੁਕਤ ਹੋ ਕੇ ਗਿਆਨ ਵਿਹੁਣੀ ਜਨਤਾ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਬਾਹਰ ਕੱਢਕੇ ਸੱਚ ਦੀ ਮੰਜਲ ਤੇ ਲੈ ਕੇ ਜਾ ਸਕੇ। ਗੁਰੂ ਸਾਹਿਬ ਇਕ ਕ੍ਰਾਂਤੀਕਾਰੀ ਆਗੂ ਸਨ। ਬਾਬਰ ਸਮੇਂ ਬਰਬਾਦੀ ਅਤੇ ਜਨਤਾ ਦੀ ਹਾਲਤ ਦੇਖ ਕੇ ਦੁਰਦਸ਼ਾ ਅਤੇ ਬਰਬਾਦੀ ਦਾ ਜੋ ਚਿੱਤਰ ਆਪ ਜੀ ਨੇ ਪੇਸ਼ ਕੀਤਾ ਅਜਿਹੀ ਮਿਸਾਲ ਸਮੁਚੇ ਪੰਜਾਬੀ ਸਾਹਿਤ ਵਿਚ ਮਿਲਣੀ ਮੁਸ਼ਕਲ ਜਾਪਦੀ ਹੈ। ਇੱਕ ਕ੍ਰਾਂਤੀਕਾਰੀ ਵਾਂਗ ਉਹਨਾਂ ਦੇ ਬਚਨਾਂ ਵਿਚੋਂ ਇਸ ਅਸਹਿ ਦਰਦ ਦੀ ਟੀਸ ਸਮਾਈ ਹੋਈ ਹੈ।

"ਜਿਨ ਸਿਰਿ ਸੋਹਣ ਪਟੀਆ ਮਾਂਗੀ ਪਾਇ ਸੰਧੂਰ

ਸੇ ਸਿਰ ਕਾਤੀ ਮੁਨਅਨਿ ਗਲ ਵਿਚ ਆਵੈ ਧੂੜਿ

ਮਹਲਾਂ ਅੰਦਰਿ ਹੋਈਆਂ ਹੁਣਿ ਬਹਿਣ ਨ ਮਿਲਨਿ ਹਦੂਰਿ॥"[5]

ਗੁਰੂ ਜੀ ਦੀ ਰਾਜਨੀਤਿ ਸੰਬੰਧੀ ਪਹੁੰਚ ਕਾਫੀ ਸਾਰਥਕ ਅਤੇ ਵਿਗਿਆਨਕ ਹੈ। ਟੂਣੇ, ਮੰਤਰ, ਤਵੀਤਾਂ ਅਤੇ ਪੀਰਾਂ ਦੀਆਂ ਕਰਾਮਾਤਾਂ ਨਾਲ ਵੈਰੀ ਨੂੰ ਨਹੀਂ ਹਰਾਇਆ ਜਾ ਸਕਦਾ, ਇਹ

ਗੱਲ ਉਹਨਾਂ ਨੂੰ ਸਹਿਜੇ ਗਿਆਨ ਸੀ। ਉਹਨਾਂ ਨੇ ਇਸਨੂੰ ਬੇਸਮੱਝੀ ਅਤੇ ਵਹਿਮ ਕਹਿ ਕੇ ਕਟਾਕਸ਼ ਕੀਤਾ।

ਗੁਰੂ ਸਾਹਿਬ ਸਮੇਂ ਵਰਣਭੇਦ ਪ੍ਰਚਲਿਤ ਸੀ। ਵਰਣਾਂ ਦੀ ਸਖਤ ਪਾਬੰਧੀ ਨੂੰ ਸਹਿਣਾਂ ਆਮ ਮਨੁੱਖ ਲਈ ਔਖਾ ਸੀ। ਵਰਣਭੇਦ ਚਾਰੇ-ਵਰਣਾਂ ਤੋਂ ਵੀ ਅੱਗੇ ਅਨੇਕਾਂ ਵਰਣਭੇਦਾਂ ਤੱਕ ਫੈਲ ਚੁੱਕਿਆ ਸੀ। ਧਾਰਮਕ ਸਿੱਖਿਆ ਅਤੇ ਸੰਸਕ੍ਰਿਤ ਭਾਸ਼ਾ ਦਾ ਗਿਆਨ ਵੀ ਇੱਕ ਵਿਸ਼ੇਸ਼ ਜਾਤ ਤੱਕ ਸੀਮਿਤ ਸੀ ਅਤੇ ਦੂਜੇ ਲਈ ਵਰਜਿਤ ਸੀ। ਇਸਦੇ ਸਿੱਟੇ ਵਜੋਂ ਲੋਕ ਧਰਮ ਤੋਂ ਦੂਰ ਹੋ ਕੇ ਜਾਦੂ, ਟੌਣੇ, ਤਵੀਤਾਂ ਅਤੇ ਵਹਿਮਾਂ ਭਰਮਾਂ ਵਲ ਗ੍ਰਸਤ ਹੋ ਗਏ। ਗੁਰੂ ਸਾਹਿਬ ਇਸਦੇ ਜ਼ਿੰਮੇਵਾਰ ਪੁਰੋਹਿਤ ਵਰਗ ਨੂੰ ਵੰਗਾਰਕੇ ਕਹਿੰਦੇ ਹਨ।

"ਜਾਤੀ ਲੈ ਕਿਆ ਹਥਿ ਸਚੁ ਪਰਖੀਐ
ਮਹੁਰਾ ਹੋਣੇ ਹਹੈ ਮਰੀਐ ਚਖੀਐ"[6]

ਗੁਰੂ ਸਾਹਿਬ ਜੀ ਨੇ ਜਾਤੀ ਅਭਿਮਾਨ ਵਾਲੇ ਅਜਿਹੇ ਲੋਕਾਂ ਦੀ ਨਿੰਦਿਆ ਕਰਕੇ ਆਪਣੇ ਆਪ ਨੂੰ ਨੀਚ ਜਾਤੀਆਂ ਦਾ ਆਗੂ ਦਸਿਆ।

"ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚ
ਨਾਨਕ ਤਿਨ ਕੇ ਸੰਗਿ ਸਾਖਿ ਵਡਿਆ ਸਿਉ ਕਿਆ ਰੀਸ
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼"[7]

ਗੁਰੂ ਸਾਹਿਬ ਜੀ ਨੇ ਸਮਾਜ ਨੂੰ ਇਕਜੁੱਟ ਕਰਕੇ ਇਕੋ ਸਾਂਝੀ ਸ਼ਕਤੀ ਦਾ ਰੂਪ ਦਿੱਤਾ। ਨਿਰਬਲ ਅਤੇ ਲਤਾੜੇ ਮਨੁੱਖ ਲਈ ਗੁਰੂ ਸਾਹਿਬ ਦੀ ਬਾਣੀ ਇਕ ਨਵੀਂ ਆਤਮਿਕ ਸੇਧ ਅਤੇ ਵਿਚਾਰਧਾਰਕ ਕ੍ਰਾਂਤੀ ਲੈ ਕੇ ਆਈ।

ਗੁਰੂ ਸਾਹਿਬ ਵੇਲੇ ਜੇ ਔਰਤ ਦੀ ਸਥਿਤੀ ਵਿਚਾਰਈਏ ਤਾਂ ਵੈਦਿਕ ਕਾਲ ਵਾਂਗ ਸਤਿਕਾਰਤ ਨਹੀਂ ਸੀ। ਜਾਇਦਾਦ ਦੀ ਲੁੱਟ ਨਾਲ ਇਸਤਰੀ ਦੀ ਵੀ ਲੁੱਟ ਸੀ। ਮਾਪਿਆਂ ਅਤੇ ਸਮਾਜ ਵਲੋਂ ਸੰਤਾਪ ਝੇਲਦੀ ਔਰਤ ਦਾ ਜਦੋਂ ਜੋਗੀਆਂ ਵਲੋਂ ਵੀ ਤਿਆਗ ਅਤੇ ਸਨਾਮਨਤ ਨਜ਼ਰਇਆ ਗੁਰੂ ਸਾਹਿਬ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਕੇਂਦਰ ਵਿਚ ਆਇਆ। ਗੁਰੂ ਸਾਹਿਬ ਜੀ ਨੇ ਭੋਗ ਵਿਲਾਸੀ ਸਮਾਜ ਦੀ ਨਿਖੇਧੀ ਕਰਕੇ ਇਸਤਰੀ ਦੀ ਵਫਾਦਾਰੀ ਨੂੰ ਆਦਰਸ਼ਾਂ ਵਜੋਂ ਲਿਆ ਅਤੇ ਆਤਮਾ ਅਤੇ ਪ੍ਰਮਾਤਮਾ ਦੇ ਸੰਬੰਧ ਨੂੰ ਪਤੀ-ਪਤਨੀ ਦੇ ਰੂਪ ਵਜੋਂ ਚਿਤਰਿਆ -

"ਧਨ ਸੋਹਾਗਣਿ ਨਾਰਿ ਜਿਨਿ ਪਿਰ ਜਾਣਿਆ ਜੀਉ
ਨਾਨਕ ਸਾਚ ਮਿਲੈ ਵਡਿਆਈ ਪਿਰ ਘਰਿ ਸੋ ਹੈ ਨਾਰੀ"[8]



PURVA MIMAANSA

ਗੁਰੂ ਨਾਨਕ ਦੇਵ ਜੀ ਦੇ ਬ੍ਰਹਿਮੰਡ ਭਾਵ ਖਗੋਲ ਵਿਗਿਆਨ ਬਾਰੇ ਵਿਚਾਰ ਜਿਸਨੂੰ ਵਿਸ਼ਵ ਸ਼੍ਰੇਸ਼ਟ ਬ੍ਰਹਮੰਡ ਸੰਬੰਧਤ ਸੰਸਥਾ 'ਨਾਸਾ' ਨੇ ਵੀ ਉਚਾ ਦਰਜਾ ਦਿੱਤਾ ਹੈ। ਵਿਗਿਆਨਕ ਕ੍ਰਾਂਤੀ ਦੀ ਸੂਚਕ ਹੈ। ਪੁਰਾਣੇ ਸਮੇਂ ਤੋਂ ਹੀ ਸ੍ਰਿਸ਼ਟੀ ਦੀ ਰਚਨਾਂ, ਰਹੱਸ ਬਾਰੇ ਅਨੌਖੀ ਅਤੇ ਅਦਭੁਤ ਬੁਝਾਰਤ ਚਲੀ ਆ ਰਹੀ ਹੈ। ਵੱਖ-ਵੱਖ ਧਰਮ ਦਰਸ਼ਨਾਂ ਅਤੇ ਦਾਰਸ਼ਨਿਕਾਂ ਇਸ ਮਸਲੇ ਨੂੰ ਆਪਣੇ-ਆਪਣੇ ਢੰਗ ਨਾਲ ਲਿਆ ਹੈ। ਪੁਰਾਣ, ਕੁਰਾਣਾਂ ਅਤੇ ਬਾਇਬਲ ਵਿਚ ਸ੍ਰਿਸ਼ਟੀ ਬਾਰੇ ਵਿਚਾਰ ਮਿਲਦੇ ਹਨ। ਪਰ ਜ਼ਿਆਦਾਤਰ ਵਿੱਚ ਖੋਜ ਦੀ ਥਾਂ ਸ਼ਰਧਾਮੁੱਖੀ ਨਜ਼ਰਈਆ ਹੀ ਨਜ਼ਰ ਆਉਂਦਾ ਹੈ। ਹਰੇਕ ਧਰਮ ਆਪਣੇ ਪੂਜਨੀਕ ਦੇਵਤੇ ਨਾਲ ਸ੍ਰਿਸ਼ਟੀ ਦੀ ਸਿਰਜਨਾ ਦਾ ਆਧਾਰ ਮੰਨਦਾ ਹੈ। ਹਿੰਦੂ ਧਰਮ ਅਨੁਸਾਰ ਵਿਸ਼ਨੂੰ ਜੀ ਧਰਤੀ ਦਾ ਸਿਰਜਕ ਹਨ, ਬਾਇਬਲ ਧਰਤੀ ਨੂੰ ਸਥਿਰ ਮੰਨਦੀ ਹੈ। ਇਸਲਾਮ ਅਤੇ ਈਸਾਈ-ਮੱਤ ਸੱਤ ਆਕਾਸ਼ ਅਤੇ ਸੱਤ ਪਾਤਾਲ ਮੰਨਦੇ ਹਨ। ਪਰ ਗੁਰੂ ਦਾ ਮਤ ਹੈ "ਲੱਖ ਆਕਾਸ਼ਾ ਆਕਾਸ਼ ਲੱਖ ਪਾਤਾਲਾਂ ਪਾਤਾਲ" ਜੋ ਆਧੁਨਿਕ ਖੋਜ ਤੋਂ ਸਹੀ ਵੀ ਸਾਬਤ ਹੋ ਰਿਹਾ ਹੈ।[9] ਨਾਲ ਹੀ ਗੁਰੂ ਸਾਹਿਬ ਪਰਮਾਤਮਾ ਨੂੰ ਭਾਵ ਕਰਤਾ ਪੁਰਖ ਨੂੰ ਸਦੀਵੀ ਤੇ ਸਾਫ ਤੌਰ ਤੇ ਸ੍ਰਿਸ਼ਟੀ ਦਾ ਸਿਰਜਕ ਦਸਦੇ ਹਨ ਅਤੇ ਸ੍ਰਿਸ਼ਟੀ ਦਾ ਸਾਰਾ ਪਸਾਰਾ ਇਕ ਸੰਕਲਪ ਮਾਤਰ ਵਿਚ ਹੀ ਹੋ ਗਿਆ ਹੈ।

"ਕਿਆ ਪਸਾਉ ਏਕੋ ਕਵਾਉ
ਸਿਤਦੇ ਹੋਏ ਲੱਖ ਦਰੀਆਉ
ਕੁਦਰਤਿ ਕਵਣ ਕਹਾ ਵਿਚਾਰ
ਵਾਰਿਆ ਜਾ ਵਾ ਏਕ ਵਾਰੁ" (ਜਪੁਜੀ ਸਾਹਿਬ)

ਵਿਗਿਆਨਕ ਦ੍ਰਿਸ਼ਟੀ ਤੋਂ ਗੁਰੂ ਸਾਹਿਬ ਜੀ ਦੀ ਬਾਣੀ ਬਚਾਈ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਪੁਰਾਣੀਆਂ ਰਸਮਾਂ-ਰਿਵਾਜਾਂ ਦਾ ਖੰਡਨ ਬੜੇ ਜ਼ੋਰਦਾਰ ਢੰਗ ਅਤੇ ਵਿਗਿਆਨਕ ਦਲੀਲਾਂ ਦੇ ਕੇ ਕੀਤਾ ਹੈ। ਪੁਰਾਤਨ ਭਾਰਤੀ ਮਿਥਾਂ ਦਾ ਖੰਡਨ ਗੁਰੂ ਸਾਹਿਬ ਕਰਕੇ ਫਰਮਾਉਂਦੇ ਹਨ।

"ਖੋਲ ਪਰਮ ਦਇਆ ਦਾ ਪੂਤ
ਸੰਤੋਖ ਥਾਪ ਰਖਿਆ ਜਿਨਿ ਸੂਤ"
ਭਾਵ ਧਰਤੀ ਬੈਲ ਦੇ ਸਿਗਾਂ ਤੇ ਨਹੀਂ ਬਲਕਿ ਧਰਮ, ਦਇਆ ਤੇ ਟਿੱਕੀ ਹੈ।

ਗੁਰੂ ਨਾਨਕ ਹੋਰ ਅਧਿਆਤਮਕ ਆਗੂਆਂ ਵਾਂਗ ਰਹੱਸਵਾਦੀ ਤਾਂ ਹਨ, ਪਰ ਇਹਨਾਂ ਦਾ ਰਹੱਸਵਾਦ ਵੱਖਰਾ ਹੈ। ਗੁਰੂ ਸਾਹਿਬ ਰਹੱਸਵਾਦੀਆਂ ਵਾਂਗ ਗੁੰਝਲਾਂ ਪਾਉਂਦੇ ਨਹੀਂ ਅਸਲ ਵਿਚ ਇਕ ਕ੍ਰਾਂਤੀਕਾਰੀ ਵਾਂਗ ਖੋਲਦੇ ਹਨ। ਆਪਣੇ ਭੁਲੇਖੇ ਪਾਉਣ ਦੀ ਥਾਂ ਭੁਲੇਖੇ ਖੋਲਕੇ ਰੱਬ ਨੂੰ ਜਨਸਾਧਾਰਨ ਦੇ ਨੇੜੇ ਲੈ ਆਂਦਾ। ਉਹਨਾਂ ਦਾ ਸਮੂਚਾ ਜੀਵਨ ਅਤੇ ਦਰਸ਼ਨ ਕਠੋਰ ਤੱਪ, ਸਾਧਨਾਂ ਅਤੇ ਗ੍ਰਹਿਸਤ ਜੀਵਨ ਦੇ ਤਿਆਗ ਵਲ ਨਹੀਂ ਲੈ ਜਾਂਦਾ ਸਗੋਂ ਗ੍ਰਹਿਸਤ ਦਾ ਧਾਰਨੀ ਹੋ ਕੇ ਗੁਰੂ ਦੀ ਅਗਵਾਈ ਵਿਚ



PURVA MIMAANSA

Purva Mimaansa | Refereed | Peer Reviewed
ISSN: 0976-0237 | Volume 12, Issue September 2021 | Impact Factor 4.765

ਉਸ ਰਜਾ ਅਨੁਸਾਰ ਚਲਣ ਦਾ ਇੱਕ ਕ੍ਰਾਂਤੀਕਾਰੀ ਸੰਦੇਸ਼ ਦਿੰਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਆਦਿ ਗ੍ਰੰਥ (ਪੰਨਾ-2)
2. ਜਨਮਸਾਖੀ ਭਾਈ ਬਾਲਾ (ਪੰਨਾ-4●)
3. ਆਦਿ ਗ੍ਰੰਥ (ਪੰਨਾ-1277)
4. ਆਦਿ ਗ੍ਰੰਥ (ਪੰਨਾ-24)
5. ਉਹੀ (ਪੰਨਾ-417)
6. ਉਹੀ (ਪੰਨਾ-142)
7. ਉਹੀ (ਪੰਨਾ-15)
8. ਉਹੀ (ਪੰਨਾ-678)
9. ਖੋਜ ਪਤ੍ਰਿਕਾ, ਗੁਰੂ ਨਾਨਕ ਵਿਸ਼ੇਸ਼, ਅੰਕ-1969 (ਪੰਨਾ-17●)

PURVA MIMAANSA